ਮੁੱਖੀਆਂ ਵੱਲੋਂ ਹਰ ਸਾਲ 30 ਨਵੰਬਰ ਤੱਕ ਸਬੰਧਤ ਪ੍ਰਬੰਧਕੀ ਵਿਭਾਗਾਂ ਨੂੰ ਸਰਟੀਫੀਕੇਟ ਦੇਣਾ ਹੁੰਦਾ ਹੈ ਕਿ ਵਿਭਾਗ ਵਿਚ ਸਬੰਧਤ ਅਧਿਕਾਰੀਆਂ/ਕਰਮਚਾਰੀਆਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਰਿਕਾਰਡ ਹੋ ਗਈਆਂ ਹਨ ਅਤੇ ਆਚਾਰਣ ਪੱਤਰੀਆਂ ਵਿਚ ਰੱਖ ਦਿੱਤੀਆਂ ਗਈਆਂ ਹਨ। ਜੇ ਕਿਸੇ ਕਰਮਚਾਰੀ ਦੀ ਸਲਾਨਾ ਗੁਪਤ ਰਿਪੋਰਟ, ਰਿਪੋਰਟ ਕਰਤਾ/ਰਿਵਿਊ ਕਰਤਾ/ਪ੍ਰਵਾਨ ਕਰਤਾ ਅਧਿਕਾਰੀ ਤੋਂ 30 ਸਤੰਬਰ ਤੱਕ ਕਾਡਰ ਕੰਟਰੋਲਿੰਗ ਅਧਿਕਾਰੀ ਕੋਲ ਪ੍ਰਾਪਤ ਨਹੀਂ ਹੁੰਦੀ ਤਾਂ ਕਾਡਰ ਕੰਟਰੋਲਿੰਗ ਅਧਿਕਾਰੀ ਅਜਿਹੇ ਕੁਤਾਹੀਕਾਰ ਅਧਿਕਾਰੀ(ਆਂ) ਵਿਰੁੱਧ ਅਨੁਸਾਸ਼ਨੀ ਕਾਰਵਾਈ ਸ਼ੁਰੂ ਕਰੇਗਾ ਜਿਨ੍ਹਾਂ ਵਲੋਂ ਗੁਪਤ ਰਿਪੋਰਟ ਸਮੇਂ ਸਿਰ ਰਿਕਾਰਡ ਨਹੀਂ ਕੀਤੀ ਗਈ ਹੈ ਅਤੇ ਉਨ੍ਹਾਂ ਨੂੰ ਰਿਪੋਰਟ ਰਿਕਾਰਡ ਕਰਨ ਲਈ ਇਕ ਅੰਤਮ ਮੌਕਾ ਦਿੱਤਾ ਜਾਵੇਗਾ। ਪਰੰਤੂ ਜੇ ਇਸ ਦੇ ਬਾਵਜੂਦ ਵੀ ਸਲਾਨਾ ਗੁਪਤ ਰਿਪੋਰਟ ਰਿਕਾਰਡ ਨਹੀਂ ਕੀਤੀ ਜਾਂਦੀ ਹੈ ਤਾਂ ਕਾਡਰ ਕੰਟਰੋਲਿੰਗ ਅਧਿਕਾਰੀ ਵਲੋਂ ਅਜਿਹੇ ਕੁਤਾਹੀਕਾਰ ਅਧਿਕਾਰੀਆਂ ਵਿਰੁੱਧ ਛੋਟੀ ਸਜ਼ਾ ਦੇਣ ਸਬੰਧੀ ਕਾਰਵਾਈ ਕੀਤੀ ਜਾਣੀ ਹੁੰਦੀ ਹੈ। ਪਰੰਤੂ ਵੇਖਣ ਵਿਚ ਆਇਆ ਹੈ ਕਿ ਹਦਾਇਤਾਂ ਦੇ ਬਾਵਜੂਦ ਵੀ ਸਲਾਨਾ ਗੁਪਤ ਰਿਪੋਰਟਾਂ ਰਿਕਾਰਡ ਕਰਨ ਸਬੰਧੀ ਸਮੇਂ ਸਾਰਿਣੀ ਦੀ ਪਾਲਣਾ ਨਹੀਂ ਕੀਤੀ ਜਾਂਦੀ ਹੈ। ਇਸ ਲਈ ਬੇਨਤੀ ਹੈ ਕਿ ਹਦਾਇਤਾਂ ਅਨੁਸਾਰ ਸਲਾਨਾ ਗੁਪਤ ਰਿਪੋਰਟਾਂ ਰਿਕਾਰਡ ਕਰਨ ਸਬੰਧੀ ਸਮੇਂ ਸਾਰਿਣੀ ਦੀ ਪਾਲਣਾ ਯਕੀਨੀ ਬਣਾਈ ਜਾਵੇ ਅਤੇ ਜਿਹੜੇ ਅਧਿਕਾਰੀਆਂ ਵਲੋਂ ਮਿਥੇ ਸਮੇ ਵਿਚ ਸਲਾਨਾ ਗੁਪਤ ਰਿਪੋਰਟ ਰਿਕਾਰਡ ਕਰਨ ਉਪਰੰਤ ਨਹੀਂ ਭੇਜੀ ਜਾਂਦੀ ਹੈ ਉਨ੍ਹਾਂ ਅਧਿਕਾਰੀਆਂ ਵਿਰੁੱਧ ਹਦਾਇਤਾਂ ਅਨੁਸਾਰ ਅਨੁਸਾਸ਼ਨੀ ਕਾਰਵਾਈ ਕੀਤੀ ਜਾਵੇ।

ਇਹ ਹਦਾਇਤਾਂ ਸਮੂਹ ਸਬੰਧਤ ਅਧਿਕਾਰੀਆਂ/ਕਰਮਚਾਰੀਆ ਦੇ ਧਿਆਨ ਵਿਚ ਲਿਆ ਦਿੱਤੀਆਂ ਜਾਣ ਅਤੇ ਇਸ ਪੱਤਰ ਦੀ ਪਹੁੰਚ ਰਸੀਦ ਭੇਜੀ ਜਾਵੇ।

## ਪ੍ਰਸੋਨਲ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 14/11/2000-4ਪੀ.ਪੀ.III/245, ਮਿਤੀ 8 ਜਨਵਰੀ, 2001 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।

*ਵਿਸ਼ਾ :-* *ਸਰਕਾਰੀ ਵਿਭਾਗਾਂ, ਅਰਧ-ਸਰਕਾਰੀ ਅਦਾਰਿਆਂ ਸਥਾਨਿਕ ਸੰਸਥਾਵਾਂ ਕਾਰਪੋਰੇਸ਼ਨਾਂ ਅਤੇ ਬੋਰਡਾਂ ਜੋ ਰਾਜ ਸਰਕਾਰ ਦੇ ਅਧੀਨ ਆਉਂਦੇ ਹਨ, ਉਨ੍ਹਾਂ ਵਿਚ ਸਿੱਧੀ ਭਰਤੀ ਲਈ ਸਪਸ਼ਟੀਕਰਨ ਦੇਣ ਬਾਰੇ ।*

ਉਪਰੋਕਤ ਵਿਸ਼ੇ ਤੇ ਮੈਨੂੰ ਆਪ ਦਾ ਧਿਆਨ ਇਸ ਵਿਭਾਗ ਵੱਲੋਂ ਜਾਰੀ ਪੱਤਰ ਨੰ: 14/11/2000-4ਪੀ.ਪੀ.3/2315, ਮਿਤੀ 11 ਫਰਵਰੀ, 2000 ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਸਰਕਾਰ ਵੱਲੋਂ ਉਪਰੋਕਤ ਹਦਾਇਤਾਂ ਵਿਚ ਅੰਸ਼ਿਕ ਸੋਧ ਕਰਦਿਆਂ ਸਿੱਧੀ ਭਰਤੀ ਰਾਹੀਂ ਉਨ੍ਹਾਂ ਸਕੀਮਾਂ ਜਿਨ੍ਹਾਂ ਲਈ ਪੂਰਨ ਤੌਰ ਤੇ ਜਾਂ ਕਾਫੀ ਹੱਦ ਤੱਕ ਭਾਰਤ ਸਰਕਾਰ ਵੱਲੋਂ ਫੰਡ ਦਿੱਤੇ ਜਾਂਦੇ ਹਨ, ਜਿਵੇਂ ਕਿ ਸਿਹਤ ਅਤੇ ਪਰਿਵਾਰ ਭਲਾਈ ਵਿਭਾਗ ਦੀਆਂ ਕੁੱਝ ਸਕੀਮਾਂ, ਸਟਾਫ ਦੀ ਭਰਤੀ ਤੇ ਰੋਕ ਹਟਾ ਦੇਣ ਦਾ ਫੈਸਲਾ ਕੀਤਾ ਗਿਆ ਹੈ।

2. ਇਸ ਦੀ ਪਹੁੰਚ ਰਸੀਦ ਭੇਜੀ ਜਾਵੇ।

## ਪ੍ਰਸੋਨਲ ਵਿਭਾਗ, ਪੰਜਾਬ ਵਲੋਂ ਜਾਰੀ ਗਸ਼ਤੀ ਪੱਤਰ ਨੰ: 7/52/2000-5ਪੀ.ਪੀ.I/746, ਮਿਤੀ 16 ਜਨਵਰੀ, 2001 ਦੀ ਕਾਪੀ ਜੋ ਰਾਜ ਦੇ ਸਮੂਹ ਵਿਭਾਗਾਂ ਦੇ ਮੁੱਖੀਆਂ ਆਦਿ ਨੂੰ ਸੰਬੋਧਤ ਹੈ।

*ਵਿਸ਼ਾ :-* *ਏ.ਸੀ.ਪੀ. ਸਕੀਮ ਨੂੰ ਚੌਥੇ ਤਨਖਾਹ ਕਮਿਸ਼ਨ ਦੀਆਂ ਸਿਫਾਰਸ਼ਾਂ ਤਹਿਤ ਲਾਗੂ ਕਰਨ ਬਾਰੇ*

ਮੈਨੂੰ ਆਪ ਜੀ ਦਾ ਧਿਆਨ ਇਸ ਵਿਭਾਗ ਵੱਲੋਂ ਜਾਰੀ ਹਦਾਇਤਾਂ ਮਿਤੀ 10 ਜਨਵਰੀ, 2000 ਜੋ ਕਿ ਗਸ਼ਤੀ ਪੱਤਰ ਨੰ: 7/1/99-5ਪੀ.ਪੀ.1/395, ਨਾਲ ਜਾਰੀ ਕੀਤੀਆਂ ਗਈਆਂ ਸਨ, ਵੱਲ ਦਿਵਾਉਣ ਦੀ ਹਦਾਇਤ ਹੋਈ ਹੈ। ਇਨ੍ਹਾਂ ਹਦਾਇਤਾਂ ਵਿਚ ਏ.ਸੀ.ਪੀ. ਸਕੀਮ ਅਧੀਨ ਉਚੇਰੇ ਸਕੇਲਾਂ ਵਿਚ ਪਲੇਸਮੈਂਟ/ਪ੍ਰਵੀਨਤਾ ਤਰੱਕੀ ਦਾ ਲਾਭ ਦੇਣ ਸਬੰਧੀ ਇਹ ਉਪਬੰਧ ਕੀਤਾ ਗਿਆ ਸੀ ਕਿ ਸੇਵਾ ਰਿਕਾਰਡ 'ਚੰਗਾ' ਦਾ ਅਰਥ ਇਹ ਹੈ ਕਿ 50% ਰਿਪੋਰਟਾਂ 'ਚੰਗੀਆਂ' ਹੋਣੀਆਂ ਚਾਹੀਦੀਆਂ ਹਨ ਅਤੇ ਅਖੀਰਲੀਆਂ ਤਿੰਨ ਰਿਪੋਰਟਾਂ ਵਿਚੋਂ ਘਟੋ ਘੱਟ ਦੋ ਰਿਪੋਰਟਾਂ 'ਚੰਗੀਆਂ' ਹੋਣ ਅਤੇ ਬਾਕੀ ਦੀਆਂ ਰਿਪੋਰਟਾਂ ਔਸਤ ਹੋ ਸਕਦੀਆਂ ਹਨ। ਕਈ ਵਿਭਾਗਾਂ ਵੱਲੋਂ ਇਸ ਵਿਭਾਗ ਦੇ ਧਿਆਨ ਵਿਚ ਲਿਆਂਦਾ ਗਿਆ ਹੈ ਕਿ ਉਨ੍ਹਾਂ ਦੇ ਵਿਭਾਗਾਂ ਵਿਚ ਕੁੱਝ ਅਜਿਹੇ ਕਰਮਚਾਰੀ ਹਨ ਜਿਨ੍ਹਾਂ ਦੀਆਂ ਅਖੀਰਲੀਆਂ ਤਿੰਨ ਤੋਂ ਵੱਧ ਸਲਾਨਾ ਗੁਪਤ ਰਿਪੋਰਟਾਂ ਨਹੀਂ ਲਿਖੀਆਂ ਗਈਆਂ ਹਨ ਅਤੇ 'ਨੋ ਰਿਪੋਰਟ ਸਰਟੀਫਿਕੇਟ' ਜਾਰੀ ਕੀਤੇ ਗਏ ਹਨ ਜਿਸ ਕਾਰਨ ਏ.ਸੀ.ਪੀ. ਸਕੀਮ ਦਾ ਲਾਭ ਮੌਜੂਦਾ ਹਦਾਇਤਾਂ ਤਹਤ ਦੇਣ ਲਈ ਔਕੜ ਪੇਸ਼ ਆਉਂਦੀ ਹੈ ਅਤੇ ਇਸ ਸਥਿਤੀ ਵਿਚ ਰਿਕਾਰਡ ਕਿਵੇਂ ਵੇਖਿਆ ਜਾਵੇ।

2. ਇਸ ਮਾਮਲੇ ਤੇ ਵਿੱਤ ਵਿਭਾਗ ਦੀ ਸਲਾਹ ਨਾਲ ਵਿਚਾਰ ਕੀਤਾ ਗਿਆ ਹੈ ਅਤੇ ਇਹ ਫੈਸਲਾ ਲਿਆ ਗਿਆ ਹੈ ਕਿ ਜਿਥੇ ਕਿਤੇ ਏ.ਸੀ.ਪੀ. ਸਕੀਮ ਦੇ ਲਾਭ ਦੇਣ ਸਬੰਧੀ ਕਿਸੇ ਕਰਮਚਾਰੀ ਦੀਆਂ ਅਖੀਰਲੀਆਂ ਤਿੰਨ ਰਿਪੋਰਟਾਂ ਜਾਂ ਇਸ ਤੋਂ ਵੱਧ ਰਿਪੋਰਟਾਂ ਉਪਲੱਬਧ ਨਹੀਂ ਹਨ ਅਤੇ 'ਨੋ ਰਿਪੋਰਟ ਸਰਟੀਫਿਕੇਟ' ਜਾਰੀ ਕੀਤਾ ਗਿਆ ਹੈ ਉਥੇ ਅਖੀਰਲੀਆਂ ਤਿੰਨ ਉਪਲੱਬਧ ਰਿਪੋਰਟਾਂ ਜਾਂ ਤਿੰਨ ਤੋਂ ਵੱਧ ਉਪਲੱਬਧ ਰਿਪੋਰਟਾਂ ਨੂੰ ਹੀ ਮੱਦੇ-ਨਜਰ ਰੱਖ ਲਿਆ ਜਾਵੇ ਅਤੇ ਕੁੱਲ ਜਿਤਨੇ ਸਾਲਾਂ ਦੀਆਂ ਸਲਾਨਾ ਗੁਪਤ ਰਿਪੋਰਟਾਂ ਬਾਰੇ 'ਨੋ ਰਿਪੋਰਟ ਸਰਟੀਫਿਕੇਟ' ਲਗਾਇਆ ਗਿਆ ਹੈ ਉਥੇ ਉਤਨੇ ਸਾਲਾਂ ਦੀਆਂ ਹੀ ਪੂਰਵਲੀਆਂ ਰਿਪੋਰਟਾਂ, ਜੋ ਉਪਲੱਬਧ ਹੋਣ, ਵੇਖ ਲਈਆਂ ਜਾਣ। ਜਿਥੇ ਪੂਰਵਲੀਆਂ ਰਿਪੋਰਟਾਂ ਦੇ ਆਧਾਰ ਤੇ ਏ.ਸੀ.ਪੀ. ਸਕੀਮ ਦਾ ਲਾਭ ਦੇਣ ਦਾ ਮਾਮਲਾ ਵਿਚਾਰਿਆ ਜਾ ਰਿਹਾ ਹੈ ਉਥੇ ਸਬੰਧਤ ਸਮੱਰਥ ਅਧਿਕਾਰੀ ਲਈ ਇਹ ਲਾਜਮੀ ਹੈ ਕਿ ਉਹ ਇਹ ਤਸਦੀਕ ਕਰਨ ਕਿ ਉਨ੍ਹਾਂ ਨੂੰ ਲੋੜੀਂਦੀ ਪੜਤਾਲ ਕਰਨ ਉਪਰੰਤ ਇਹ ਤਸੱਲੀ ਹੋ ਗਈ ਹੈ ਕਿ ਨਾ-ਉਪਲੱਬਧ ਰਿਪੋਰਟਾਂ ਅਸਲ ਵਿਚ ਨਹੀਂ ਲਿਖੀਆਂ ਗਈਆਂ ਸਨ ਅਤੇ ਉਸ ਸਮੇਂ ਦੌਰਾਨ ਕਰਮਚਾਰੀ ਦੇ ਕੰਮ ਕਾਜ ਬਾਰੇ ਕੋਈ ਵਿਸ਼ੇਸ਼ ਸ਼ਿਕਾਇਤ ਨਹੀਂ ਰਿਕਾਰਡ ਕੀਤੀ ਗਈ।

ਇਸ ਨੂੰ ਸਾਰੇ ਸਬੰਧਤਾਂ ਦੇ ਧਿਆਨ ਵਿਚ ਲਿਆ ਦਿੱਤਾ ਜਾਵੇ।

**Copy of Punjab Government circular letter No. 9/6/94-3PPII/840, dated 17th January, 2001 from the Department of Personnel addressed to all the Heads of Departments etc. in the State of Punjab.**

***Subject :–*** ***Raising of age of Blind Government Employees from 58 years to 60 years.***

Sir/Madam,

I am directed to invite your attention to the circular letter No.9/6/94-3PPII/5598, dated the 16th March, 1995 on the subject noted above vide which the retirement age of the Blind State Government Employees has been raised from 58 years to 60 years, subject to their being declared physically and mentally fit for further service after the age of 58 years by the Civil Surgeon of the District concerned.

2. The Government has reconsidered the matter in view of the demand of the Blind Government Employees and it has been decided that for able Blind Government Employees, there should be no medical check-up after the age of 58 years. However, where Blind Government Employee is adjudged mentally or physically un-suitable for performing the duties of the post being held by him only he may be referred for medical check-up. Heads of Departments/Heads of Offices should ensure this personally.

3. Necessary amendments to the relevant rules in the Punjab Civil Services Rules will be carried-out in due course by the Department of Finance.

4. The receipt of this letter may please be acknowledged.

**Copy of Punjab Government circular letter No. 7/26/2000-1PPII/1170, dated 22nd January, 2001 from the Department of Personnel addressed to all the Heads of Departments etc. in the State of Punjab.**

***Subject :–*** ***Census of India -2001 Ban on transfers of employees engaged in conduct of Census of India 2001.***

I am directed to refer to the Personnel Department's Circular No.7/26/2000-1PP2/13943, dated 13.11.2000, on the subject cited above, vide which a Ban was imposed on the transfers of Punjab Government Employees, who were engaged in conduct of Census work w.e.f. November 2000, to March, 2001. Now the Registrar General & Census Commissioner, India has desired that restrictions on the transfer of officers/ officials who are engaged in the conduct of the Census of India 2001 should remain till the completion of